# ਆਖ਼ਰੀ ਪੜਾ

## • ਪਹਿਲੀ ਝਾਕੀ •

(ਪੰਜਾਬ ਦੀ ਧਰਤੀ ਉਤੇ ਵਗਦੇ ਜਿਹਲਮ ਦਰਿਆ ਦੇ ਕੰਢੇ, ਇਕ ਤੰਬੂ ਵਿਚ, ਯੂਨਾਨ ਤੋਂ ਸਾਰੀ ਦੁਨੀਆਂ ਨੂੰ ਜਿਤਣ ਦੀ ਸੌਂਹ ਖਾ ਕੇ ਆਇਆ ਹੋਇਆ ਸਿਕੰਦਰ ਆਜ਼ਮ ਖਲੋਤਾ ਹੈ। ਉਸ ਦੇ ਹਥ ਵਿਚ ਦੁਨੀਆਂ ਦਾ ਨਕਸ਼ਾ ਫੜਿਆ ਹੋਇਆ ਹੈ, ਜਿਸ ਵਲ ਵੇਖ ਕੇ ਉਹ ਕੁਝ ਸੋਚ ਰਿਹਾ ਜਾਪਦਾ ਹੈ। ਇਤਨੇ ਵਿਚ ਹੀ ਸਿਕੰਦਰ ਦੀ ਪ੍ਰੀਤਮਾ ਰੁਖ਼ਸਾਨਾ ਆ ਜਾਂਦੀ ਹੈ। ਛਿਨ ਕੁ ਸਿਕੰਦਰ ਵਲ ਵੇਖ ਕੇ ਗਾਂਦੀ ਹੋਈ ਤੰਬੂ ਵਿਚ ਦਾਖ਼ਲ ਹੁੰਦੀ ਹੈ)

ਰੁਖ਼ਸਾਨਾ – ਹੇ ਸ਼ਹਿਨਸ਼ਾਹ, ਹੇ ਸ਼ਹਿਨਸ਼ਾਹ, ਹੇ ਮੇਰੇ ਦਿਲ ਦੇ ਸ਼ਹਿਨਸ਼ਾਹ,
ਤੂੰ ਜ਼ਿੰਦਗੀ ਦੀ ਮਹਿਕਦੀ ਬਹਾਰ ਵਲ ਵੀ ਕਰ ਨਿਗਾਹ।
ਨਜ਼ਰ ਉਠਾ ਕੇ ਵੇਖ ਮੇਰੇ ਹੁਸਨ ਦੀ ਬਹਾਰ ਨੂੰ,
ਤੇ ਮੇਰੇ ਅੰਗ ਅੰਗ ਵਿਚੋਂ ਫੁਟ ਰਹੇ ਪਿਆਰ ਨੂੰ,
ਜ਼ਰਾ ਤਾਂ ਸੁਣ ਤੂੰ ਮੇਰੇ ਦਿਲ 'ਚੋਂ ਉਠ ਰਹੀ ਪੁਕਾਰ ਨੂੰ।
ਤੂੰ ਮੇਰੇ ਭੜਕੇ ਜਜ਼ਬਿਆਂ ਤੇ ਮਿਹਰ ਕਰ ਕੇ ਠੰਢ ਵਸਾ,
ਹੇ ਸ਼ਹਿਨਸ਼ਾਹ, ਹੇ ਸ਼ਹਿਨਸ਼ਾਹ ... ... ...

(ਸਿਕੰਦਰ ਰੁਖ਼ਸਾਨਾ ਦੀ ਆਵਾਜ਼ ਸੁਣ ਕੇ ਹਥ ਵਿਚ ਫੜੇ ਹੋਏ ਨਕਸ਼ੇ ਨੂੰ ਮੇਜ਼ ਉਤੇ ਰਖ ਦੇਂਦਾ ਹੈ)

ਸਿਕੰਦਰ – ਨਹੀਂ, ਨਹੀਂ, ਅਜੇ ਨਹੀਂ, ਅਜੇ ਨਾ ਮੇਰੀ ਦਿਲਰੁਬਾ।
ਨਾ ਮੇਰੇ ਵਧਦੇ ਪੈਰਾਂ ਵਿਚ ਤੂੰ ਹੁਸਨ ਦੀ ਜ਼ੰਜੀਰ ਪਾ।
ਓਹ ਤਕ ਫ਼ਤਿਹ ਬੁਲਾ ਰਹੀ ਹੈ, ਮੈਨੂੰ ਕੁਲ ਜਹਾਨ ਦੀ,
ਤੇ ਝੁਕ ਰਹੀ ਹੈ ਮੇਰੇ ਵਲ ਬੁਲੰਦੀ ਆਸਮਾਨ ਦੀ,

ਅਜੇ ਉਹ ਸ਼ਾਨ ਨਹੀਂ ਬਣੀ ਸਿਕੰਦਰੀ ਨਿਸ਼ਾਨ ਦੀ,
ਮੈਂ ਦਿਆਂਗਾ ਇਹ ਨਿਸ਼ਾਨ ਹਰ ਮੁਲਕ ਦੇ ਵਿਚ ਝੁਲਾ।
ਨਹੀਂ, ਨਹੀਂ, ਅਜੇ ਨਹੀਂ ... ...

ਰੁਖ਼ਸਾਨਾ – ਹੇ ਸ਼ਹਿਨਸ਼ਾਹ, ਹੇ ਸ਼ਹਿਨਸ਼ਾਹ, ਹੇ ਮੇਰੇ ਦਿਲ ਦੇ ਸ਼ਹਿਨਸ਼ਾਹ,
ਨਾ ਜ਼ਿੰਦਗੀ ਦੀ ਲਾਸ਼ ਉਤੇ ਨਿਸ਼ਾਨ ਮੌਤ ਦਾ ਝੁਲਾ।
ਕੀ ਇਹ ਨਿਸ਼ਾਨ ਝੁਲ ਸਕੇਗਾ, ਹਾਸਿਆਂ ਨੂੰ ਸਾੜ ਕੇ,
ਤੇ ਗੋਦੀਆਂ 'ਚ ਰੁਮਕਦੇ ਪਿਆਰ ਨੂੰ ਉਜਾੜ ਕੇ,
ਕਿਸੇ ਦੀ ਮਾਂਗ ਵਿਚ ਪਏ ਸੰਧੂਰ ਨੂੰ ਲਿਤਾੜ ਕੇ ?
ਨਾ ਤੂੰ ਯੂਨਾਨ ਦੀ ਤਹਿਜ਼ੀਬ ਤੇ ਇਹ ਕਾਲਾ ਦਾਗ਼ ਲਾ।
ਹੇ ਸ਼ਹਿਨਸ਼ਾਹ, ਹੇ ਸ਼ਹਿਨਸ਼ਾਹ ... ... ...

ਸਿਕੰਦਰ – ਕਦੇ ਨਹੀਂ, ਕਦੇ ਨਹੀਂ, ਕਦੇ ਨਾ ਮੇਰੀ ਦਿਲਰੁਬਾ,
ਨਜ਼ਰ ਨਜ਼ਰ ਦੇ ਵਿਚ ਦਿਆਂਗਾ ਮੈਂ ਯੂਨਾਨ ਨੂੰ ਬਿਠਾ।
ਹਵਾ ਟੁਰੇਗੀ ਲੈ ਕੇ ਬੁਲ੍ਹੀਆਂ ਤੇ ਨਾਂ ਯੂਨਾਨ ਦਾ।
ਗਗਨ ਤੇ ਲਾ ਦਿਆਂਗਾ ਬਾਗ਼ ਮੈਂ ਵਤਨ ਦੀ ਸ਼ਾਨ ਦਾ,
ਮੈਂ ਸ਼ਹਿਨਸ਼ਾਹ ਬਣਾਂਗਾ ਛੇਤੀ ਮਹਿਕਦੇ ਜਹਾਨ ਦਾ।
ਦਿਆਂਗਾ ਦੇਸ਼ ਦਾ ਵੱਕਾਰ ਮੈਂ ਗਗਨ ਦੇ ਵਿਚ ਪਹੁੰਚਾ।
ਮੈਂ ਦੇਸ਼ ਦੀ ਤਹਿਜ਼ੀਬ ਨੂੰ ਦਿਆਂਗਾ ਚਾਰ ਚੰਨ ਲਾ।

ਰੁਖ਼ਸ਼ਾਨਾ – ਹੇ ਸ਼ਹਿਨਸ਼ਾਹ, ਹੇ ਸ਼ਹਿਨਸ਼ਾਹ, ਹੇ ਮੇਰੇ ਦਿਲ ਦੇ ਸ਼ਹਿਨਸ਼ਾਹ,
ਨਾ ਐਵੇਂ ਤੂੰ ਦਲੀਲਾਂ ਝੂਠੀਆਂ ਦੇ ਪਿਛੇ ਲੈ ਪਨਾਹ,
ਕੀ ਇਹ ਵੱਕਾਰ ਜਿਸ ਦੇ ਮੂੰਹ ਤੇ ਖ਼ੂਨ ਮਲਿਆ ਜਾ ਰਿਹੈ !
ਕੀ ਜਿਸ ਦੇ ਗਲ ਦੇ ਹਾਰ ਲਈ ਪਿਆਰ ਸਲਿਆ ਜਾ ਰਿਹੈ !
ਕੀ ਇਹ ਵੱਕਾਰ ਜਿਸ ਦੇ ਹੇਠ ਹੁਸਨ ਦਲਿਆ ਜਾ ਰਿਹੈ !
ਨਾ ਇਸ ਵੱਕਾਰ ਦੇ ਮਗਰ ਤੂੰ ਆਪਣੇ ਜ਼ੁਲਮ ਨੂੰ ਲੁਕਾ,
ਹੇ ਸ਼ਹਿਨਸ਼ਾਹ, ਹੇ ਸ਼ਹਿਨਸ਼ਾਹ ... ... ...

ਸਿਕੰਦਰ – ਨਾ ਮੈਨੂੰ ਤੂੰ ਤਹਿਜ਼ੀਬ ਤੇ ਅਮਨ ਦਾ ਇਹ ਸਬਕ ਪੜ੍ਹਾ,
ਨਾ ਮੇਰੇ ਸਾਹਵੇਂ ਇਸ ਤਰ੍ਹਾਂ ਤੂੰ ਬੁਜ਼ਦਿਲੀ ਦੇ ਗੀਤ ਗਾ,
ਕਿਸੇ ਦਾ ਖ਼ੂਨ ਪੀ ਕੇ ਚਿਹਰਿਆਂ ਤੇ ਚੜ੍ਹਨ ਲਾਲੀਆਂ,
ਬੁਝਾ ਕੇ ਦੀਵੇ ਜਗਦੀਆਂ ਨੇ ਤਾਂ ਕਿਤੇ ਦਿਵਾਲੀਆਂ,
ਉਜਾੜ ਕੇ ਕਿਸੇ ਦਾ ਘਰ ਹੀ ਆਉਂਦੀਆਂ ਖ਼ੁਸ਼ਹਾਲੀਆਂ।
ਤੂੰ ਹੈਂ ਵਤਨ ਦੀ ਬੇ-ਵਫ਼ਾ ਤੇ ਮੇਰੇ ਘਰ 'ਚੋਂ ਨਿਕਲ ਜਾ,

ਨਾ ਮੈਨੂੰ ਤੂੰ ਤਹਿਜ਼ੀਬ ਬਾਰੇ ਅਮਨ ਦਾ ਇਹ ਸਬਕ ਪੜ੍ਹਾ।

ਰੁਖ਼ਸਾਨਾ – (ਜਾਂਦਿਆਂ ਜਾਂਦਿਆਂ)

ਮੈਂ ਜਾ ਰਹੀ ਹਾਂ ਇਕ ਜਵਾਲਾ ਆਪਣੇ ਸੀਨੇ ਵਿਚ ਛੁਪਾ,
ਜੋ ਕਰ ਦਵੇਗੀ ਤੇਰੇ ਕੁਲ ਇਰਾਦਿਆਂ ਨੂੰ ਝਟ ਸੁਆਹ।
ਮੈਂ ਦਿਆਂਗੀ ਆਪਣੀ ਇਹ ਮਸ਼ਾਲ ਹਰ ਜਗ੍ਹਾ ਜਗਾ,
ਹੁਣ ਇਸ ਜਗ੍ਹਾ ਤੋਂ ਇਕ ਵੀ ਪੈਰ ਤੂੰ ਸਕੇਂਗਾ ਨਾ ਵਧਾ,
ਮੈਂ ਜਾ ਰਹੀ ਹਾਂ ਇਕ ਜਵਾਲਾ ਆਪਣੇ ਸੀਨੇ ਵਿਚ ਛੁਪਾ।

(ਰੁਖ਼ਸਾਨਾ ਗਾਂਦੀ ਗਾਂਦੀ ਸਟੇਜ ਤੋਂ ਚਲੀ ਜਾਂਦੀ ਹੈ)

[ਪਰਦਾ ਡਿਗਦਾ ਹੈ]

## • ਦੂਜੀ ਝਾਕੀ •

(ਜਿਹਲਮ ਦੇ ਕੰਢੇ ਖੁਲ੍ਹੇ ਮੈਦਾਨ ਵਿਚ ਕੁਝ ਯੂਨਾਨੀ ਸਿਪਾਹੀ ਆਪਣੀ ਬਹਾਦਰੀ ਤੇ ਜਿਤ ਦੇ ਗੀਤ ਗਾ ਰਹੇ ਤੇ ਨਾਲ ਆਪਣੇ ਹਥਿਆਰ ਸਾਫ਼ ਕਰ ਰਹੇ ਹਨ)

ਸਿਪਾਹੀ – ਜੁਗ ਜੁਗ ਜੀਵੇ ਦੁਨੀਆਂ ਅੰਦਰ ਸਾਡਾ ਦੇਸ਼ ਮਹਾਨ ਹੋ।

ਅਸੀਂ ਬਹਾਦਰ ਦੇਸ਼ ਦੇ ਯੋਧੇ, ਹਿੰਮਤੀ ਤੇ ਬਲਵਾਨ ਹੋ।
ਸਾਡੀ ਚਾਲ ਦੇ ਮੂਹਰੇ ਚਿਹਰੇ ਤੂਫ਼ਾਨਾਂ ਦੇ ਪੀਲੇ।
ਚੜ੍ਹਦੇ ਦਰਿਆਵਾਂ ਨੂੰ ਰੋਕਣ ਕੀਕੂੰ ਰਾਹ ਦੇ ਤੀਲੇ ?
ਹੁਣ ਨਹੀਂ ਜਾਣੇ ਨਾਗ ਯੂਨਾਨੀ ਬੀਨ ਕਿਸੇ ਤੋਂ ਕੀਲੇ।
ਕੈਦ ਅਸਾਡਿਆਂ ਝੋਲਿਆਂ ਅੰਦਰ ਲਖਾਂ ਹੀ ਤੂਫ਼ਾਨ ਹੋ।
ਜੁਗ ਜੁਗ ਜੀਵੇ ... ... ...
ਕਦਮਾਂ ਦੇ ਵਿਚ ਵਿਛਦੀਆਂ ਜਾਵਨ ਜਿਤਾਂ ਨਾਲ ਬਹਾਰਾਂ,
ਭਜੀਆਂ ਜਾਵਣ ਮੂੰਹ ਲੁਕਾ ਕੇ ਸਾਡੇ ਮੂਹਰਿਓਂ ਹਾਰਾਂ।
ਜੁਗ ਜੁਗ ਜੀਵੇ ਸ਼ਾਹ ਸਿਕੰਦਰ, ਜੀਣ ਸਦਾ ਤਲਵਾਰਾਂ।
ਰੁੜ੍ਹ ਜਾਵੇਗੀ ਖ਼ੂਨ ਦੇ ਅੰਦਰ ਰਿਸ਼ੀਆਂ ਦੀ ਸੰਤਾਨ ਹੋ।
ਜੁਗ ਜੁਗ ਜੀਵੇ ... ... ...

(ਰੁਖ਼ਸਾਨਾ ਪਰ੍ਹਾਂ ਖਲੋਤੀ ਸੁਣ ਰਹੀ ਹੈ)

ਸਿਪਾਹੀ – ਪੀ ਪੀ ਖ਼ੂਨ ਅਸਾਡੇ ਨੇਜ਼ੇ ਹੈਨ ਅਜੇ ਵੀ ਪਿਆਸੇ।

ਅਜੇ ਭਰੇ ਗਏ ਨਕੋ ਨਕੀ ਨਹੀਂ ਢਾਲਾਂ ਦੇ ਕਾਸੇ।

ਅਜੇ ਤਾਂ ਸਾਡੇ ਕੰਨ ਸੁਣਦੇ ਨੇ, ਨਿੰਮ੍ਹੇ ਨਿੰਮ੍ਹੇ ਹਾਸੇ।
ਅਜੇ ਤਾਂ ਨਚਦੀ ਵੇਖ ਰਹੇ ਹਾਂ, ਬੁਲ੍ਹਾਂ ਤੇ ਮੁਸਕਾਨ ਹੈ।

(ਰੁਖ਼ਸਾਨਾ ਦੂਰੋਂ ਹੀ ਗਾਉਂਦੀ ਗਾਉਂਦੀ ਆਂਦੀ ਹੈ):

ਰੁਖ਼ਸਾਨਾ – ਹੋ ਹੋ ਹੋ,
ਯੂਨਾਨ ਦੇ ਦਲੇਰੋ, ਵਤਨ ਦੇ ਵੀਰ ਸ਼ੇਰੋ,
ਇਹ ਮੁਸਕਰਾਂਦੇ ਚਿਹਰੇ, ਇਧਰ ਜ਼ਰਾ ਵੀ ਫੇਰੋ।

(ਸਾਰੇ ਸਿਪਾਹੀ ਰੁਖ਼ਸਾਨਾ ਵਲ ਵੇਖਣ ਲਗ ਜਾਂਦੇ ਹਨ)

ਇਕ ਸਿਪਾਹੀ – ਕਿਸ ਨੇ ਬੁਲਾਇਆ ਹੈ, ਸਾਨੂੰ ਕਿਸ ਨੇ ਬੁਲਾਇਆ ?
ਕਿਸ ਘੋਲੀ ਹੈ ਕੰਨਾਂ ਵਿਚ ਮਾਖਿਓਂ ਦੀ ਸ਼ੀਰੀਨੀ ?
ਤੇ ਕਿਸ ਨੇ ਖਲੇਰੀ ਹੈ ਚੁਫੇਰੇ ਇਹ ਰੰਗੀਨੀ,
ਮਸਤੀ ਜਿਦ੍ਹੀ ਵਗਦੇ ਹੋਏ ਜਿਹਲਮ ਨੂੰ ਠਹਿਰਾਇਆ ?
ਕਿਸ ਨੇ ਬੁਲਾਇਆ, ਕਿਸ ਨੇ ਬੁਲਾਇਆ ?... ... ...

ਰੁਖ਼ਸਾਨਾ -- ਮੈਂ ਜੇ ਬੁਲਾਇਆ, ਮੈਂ ਤੁਹਾਨੂੰ ਹੈ ਬੁਲਾਇਆ।
ਇਹ ਗੀਤ ਤੁਹਾਡਾ ਮੈਨੂੰ ਰਾਸ ਨਹੀਂ ਆਇਆ।
ਮੈਂ ਹੂਰ ਨਹੀਂ ਜਿਹੜੀ ਕਿ ਹਾਂ ਅਰਸ਼ਾਂ ਤੋਂ ਆਈ।
ਮੈਂ ਹੋਰ ਨਹੀਂ, ਮੈਂ ਵੀ ਹਾਂ ਯੂਨਾਨ ਦੀ ਜਾਈ।
ਮੈਨੂੰ ਵੀ ਵਤਨ ਆਪਣਾ ਹੈ ਹਰ ਸ਼ੈ ਤੋਂ ਪਿਆਰਾ,
ਪਰ ਮੇਰੀ ਮੁਹਬਤ ਦਾ ਜ਼ਰਾ ਢੰਗ ਹੈ ਨਿਆਰਾ।

ਇਕ ਸਿਪਾਹੀ – ਅਸੀਂ ਸਾਰੇ ਹਾਂ ਧੀਆਂ ਪੁਤਰ ਇਕੋ ਦੇਸ਼ ਦੇ ਜਾਏ,
ਦੇਸ਼ ਦੀ ਇਜ਼ਤ ਖ਼ਾਤਰ ਸਾਰੇ ਪ੍ਰਦੇਸਾਂ ਵਿਚ ਆਏ।
ਤਾਂ ਜੋ ਸਾਡੇ ਦੇਸ਼ ਦਾ ਝੰਡਾ ਹਰ ਥਾਂ ਤੇ ਲਹਿਰਾਏ।
ਇਸ ਦੁਨੀਆਂ ਦਾ ਇਕ ਇਕ ਬੰਦਾ ਸਾਡੇ ਹੀ ਗੁਣ ਗਾਏ।
ਇਸ ਤੋਂ ਵਖਰੀ ਜਿਹੜੀ ਹੈ ਗਲ, ਸਾਨੂੰ ਵੀ ਸਮਝਾ ਦੇ,
ਇਕ ਵਤਨ ਤੇ ਦੋ ਪ੍ਰੀਤਾਂ ਦਾ ਵੀ ਭੇਦ ਜਤਾ ਦੇ।

ਰੁਖ਼ਸਾਨਾ – ਇਕ ਗਲ ਦਸੋ ਕਿਸ ਦੀ ਖ਼ਾਤਰ ਛਡਿਆ ਦੇਸ਼ ਪਿਆਰਾ ?
ਕਿਸ ਦੀ ਖ਼ਾਤਰ ਅਖੋਂ ਉਹਲੇ ਹੈ ਨੈਣਾਂ ਦਾ ਤਾਰਾ ?
ਕਿਸ ਦੀ ਖ਼ਾਤਰ ਛਡ ਆਏ ਹੋ ਰੋਂਦੀਆਂ ਸਜ-ਵਿਆਹੀਆਂ ?
ਬਚਿਆਂ ਦੇ ਬੁਲ੍ਹਾਂ ਤੇ ਕਿਸ ਲਈ ਮੁਸਕਾਨਾਂ ਮੁਰਝਾਈਆਂ ?
ਕਿਸ ਲਈ ਮਾਂਵਾਂ ਦੇ ਨੈਣਾਂ 'ਚੋਂ ਹੰਝੂ ਬੁਕ ਬੁਕ ਪੀਤੇ ?
ਜ਼ਖ਼ਮ ਵਿਛੋੜੇ ਦੇ ਕਿਸ ਖ਼ਾਤਰ ਭਰ ਭਰ ਤੋਪੇ ਸੀਤੇ ?

ਕਿਸ ਲਈ ਪਿਆਰ ਭੈਣਾਂ ਦੇ ਖੋਹ ਕੇ ਸੂਲੀ ਉਤੇ ਚਾੜ੍ਹੇ ?
ਹੰਝੂਆਂ ਦੀ ਤਕੜੀ ਤੇ ਕਿਸ ਲਈ, ਆਪਣੇ ਹਾਸੇ ਹਾੜ੍ਹੇ ?

ਇਕ ਸਿਪਾਹੀ – ਇਸ ਲਈ ਕਿ :
ਦੇਸ਼ ਸਾਡੇ ਦੀ ਜ਼ਮੀਨ ਗਗਨ ਬਣ ਕੇ ਨੱਚ ਪਏ।
ਤੇ ਕੋਨੇ ਕੋਨੇ ਏਸ ਦੀ ਦਲੇਰੀ ਰਾਸ ਰਚ ਦਏ।
ਕਿ ਸੀਨੇ ਸੀਨੇ 'ਚੋਂ ਆਵਾਜ਼ ਗੂੰਜ ਪਏ ਯੂਨਾਨ ਦੀ।
ਤੇ ਸਾਡੀ ਮੁਠ 'ਚ ਜਾਨ ਆ ਜਾਏਗੀ ਕੁਲ ਜਹਾਨ ਦੀ।
ਕੀ ਤੂੰ ਨਹੀਂ ਚਾਹੁੰਦੀ, ਵੇਖਣੀ ਵਤਨ ਦੀ ਸ਼ਾਨ ਚਮਕਦੀ ?
ਨਜ਼ਰ ਨਜ਼ਰ 'ਚ ਏਸ ਦੀ ਦਲੇਰੀ ਹਰ ਥਾਂ ਦਮਕਦੀ ?

ਰੁਖ਼ਸਾਨਾ – ਕਿਉਂ ਨਹੀਂ, ਕਿਉਂ ਨਹੀਂ !
ਹਾਂ ਮੈਂ ਵੀ ਚਾਹੁੰਦੀ ਵੇਖਣਾ, ਵਤਨ ਦੀ ਸ਼ਾਨ ਵੀ ਚਮਕਦੀ।
ਨਜ਼ਰ ਨਜ਼ਰ 'ਚ ਏਸ ਦੀ ਦਲੇਰੀ ਹਰ ਥਾਂ ਦਮਕਦੀ।
ਮਗਰ ਮੈਂ ਚਾਹੁੰਦੀ ਨਹੀਂ ਤੁਹਾਡੇ ਵਾਂਗ ਇਸ ਦੀ ਸ਼ਾਨ ਨੂੰ।
ਮੈਂ ਕੀਕੂੰ ਓਹਲੇ ਕਰ ਦਿਆਂ, ਨਜ਼ਰ ਤੋਂ ਕੁਲ ਜਹਾਨ ਨੂੰ ?
ਤੁਸੀਂ ਹੋ ਚਾਹੁੰਦੇ ਏਸ ਦਾ ਮੂੰਹ ਖ਼ੂਨ ਨਾਲ ਰੰਗ ਦਈਏ।
ਦਲੇਰੀ ਇਹਦੀ ਨੇਜ਼ਿਆਂ ਦੇ ਨਾਲ ਗਗਨੀਂ ਟੰਗ ਦਈਏ।
ਯਤੀਮ ਹੋਏ ਨੈਣਾਂ ਵਿਚ ਕੀ ਸ਼ਾਨ ਮੁਸਕਰਾਏਗੀ ?
ਕੀ ਜੰਗ 'ਚ ਮੋਏ ਪਿਉ ਲਈ ਇਹ ਪ੍ਰੀਤ-ਗੀਤ ਗਾਏਗੀ ?
ਤੁਹਾਡਾ ਪਿਆਰ ਹਰ ਜਗ੍ਹਾ ਯੂਨਾਨ ਨੂੰ ਹੈ ਛੰਡ ਰਿਹਾ।
ਯਤੀਆਂ ਦੇ ਹੰਝੂਆਂ ਦੀ ਦਾਤ ਹਰ ਜਗ੍ਹਾ ਤੇ ਵੰਡ ਰਿਹਾ।
ਕੀ ਫਲ ਸਕੇਗੀ ਹੌਕਿਆਂ ਦੀ ਅਗ 'ਚ ਦੇਸ਼ ਦੀ ਬਹਾਰ ?
ਕੀ ਹੰਝੂਆਂ 'ਚ ਡੁਬ ਨਾ ਜਾਏਗਾ ਵਤਨ ਦਾ ਕੁਲ ਵੱਕਾਰ ?
(ਸਿਪਾਹੀ ਧੌਣਾਂ ਝੁਕਾ ਲੈਂਦੇ ਹਨ ਪਰ ਬੋਲਦੇ ਨਹੀਂ)

ਰੁਖ਼ਸਾਨਾ – ਇਕ ਗਲ ਦਸੋ ਸੋਚ ਕੇ ਮੈਨੂੰ, ਹੇ ਯੂਨਾਨ ਦੇ ਸ਼ੇਰੋ ?
ਕਿਉਂ ਆਪਣੀ ਵਲਗਣ ਦੇ ਅੰਦਰ ਕੁਲ ਦੁਨੀਆਂ ਨੂੰ ਘੇਰੋ ?
ਕਿਸ ਲਈ ਖ਼ੁਸ਼ ਹੋ, ਦੇਸ ਪਰਾਏ ਅੰਦਰ ਏਦਾਂ ਲੜ ਕੇ ?
ਜੇ ਕੋਈ ਜਰਵਾਣਾ ਕਲ ਨੂੰ, ਆ ਯੂਨਾਨ ਤੇ ਕੜਕੇ !
ਯੂਨਾਨ ਵਾਂਗ ਨੇ ਬਹਾਰਾਂ, ਹਰ ਜਗ੍ਹਾ ਤੇ ਹਸਦੀਆਂ।
ਤੁਹਾਡੇ ਵਾਂਗ ਸੀਨਿਆਂ 'ਚ ਹਨ ਉਮੰਗਾਂ ਵਸਦੀਆਂ।
ਯੂਨਾਨ ਵਾਂਗ ਏਥੇ ਵੀ ਨੇ ਖੇਤ ਲਹਿਲਹਾ ਰਹੇ।

ਤੇ ਵਹੁਟੀਆਂ ਤੇ ਗਭਰੂਆਂ ਦੇ ਪਿਆਰ ਪੈਲਾਂ ਪਾ ਰਹੇ।
ਯੂਨਾਨ ਤੇ ਜਹਾਨ ਦੀ ਬਹਾਰ ਜਦ ਕਿ ਇਕ ਹੈ,
ਜਹਾਨ ਤੇ ਯੂਨਾਨ ਦਾ ਪਿਆਰ ਜਦ ਕਿ ਇਕ ਹੈ,
ਤਾਂ ਕਿਸ ਲਈ ਜਹਾਨ ਦੀ ਬਹਾਰ ਚਾਹੋ ਫੂਕਣਾ ?
ਤੇ ਕਿਸ ਲਈ ਜਹਾਨ ਦਾ ਪਿਆਰ ਚਾਹੋ ਫੂਕਣਾ ?
(ਜ਼ਰਾ ਠਹਿਰ ਕੇ)
ਚੁਪ ਕਿਉਂ ਹੋ ਬੋਲ ਕੇ ਜਵਾਬ ਦੇਵੋ ਵੀਰਿਓ,
ਯੂਨਾਨ ਦੇ ਨਗੀਨਿਓਂ, ਵਤਨ ਦੀ ਸ਼ਾਨ ਹੀਰਿਓ।
(ਕੋਈ ਵੀ ਸਿਪਾਹੀ ਜਵਾਬ ਨਹੀਂ ਦੇਂਦਾ)

ਰਖ਼ਸ਼ਾਨਾ – ਜੇ ਨਹੀਂ ਜਵਾਬ ਤਾਂ ਬਹਾਦਰੋ ਵਤਨ ਨੂੰ ਮੁੜ ਚਲੋ।
ਹੇ ਬੁਲਬੁਲੋ ਸੁਰੀਲੇ ਗੀਤਾਂ ਲਈ ਚਮਨ ਨੂੰ ਮੁੜ ਚਲੋ।
ਹਾਂ ਮੁੜ ਚਲੋ ਕਿਸੇ ਦੀ ਯਾਦ ਹੈ ਤੁਹਾਨੂੰ ਤਾਂਘਦੀ।
ਬਨੇਰਿਆਂ ਤੋਂ ਸਾਗਰਾਂ ਨੂੰ ਹੈ ਨਜ਼ਰ ਉਲਾਂਘਦੀ।
ਹਵਾ ਦੇ ਮੋਢਿਆਂ ਤੇ ਪ੍ਰੀਤ ਹੈ ਤੁਹਾਨੂੰ ਟੋਲਦੀ।
ਪ੍ਰੀਤ ਗੋਦੀਆਂ 'ਚੋਂ ਹੈ ਉਛਲਕੇ ਬਾਹਾਂ ਖੋਲ੍ਹਦੀ।
ਮੁੜੋ ਘਰਾਂ ਲਈ ਦੇਸ਼ ਨੂੰ ਤੇ ਉਠ ਕੇ ਕਰ ਦਿਓ ਐਲਾਨ।

ਸਾਰੇ ਸਿਪਾਹੀ -- ਅਸਾਂ ਕਦੇ ਨਹੀਂ ਫੂਕਣਾ ਰੰਗੀਨੀਆਂ ਦਾ ਇਹ ਜਹਾਨ।
(ਸਾਰੇ ਰਲ ਕੇ ਇਹ ਗੀਤ ਗਾਂਦੇ ਹਨ ਤੇ ਸਿਕੰਦਰ ਦੇ ਤੰਬੂ ਵਲ ਤੁਰ ਪੈਂਦੇ ਹਨ)
ਸੁਣ ਲੈ ਸ਼ਾਹ ਸਿਕੰਦਰ, ਸਾਡੀ ਲੜਨੋਂ ਹੈ ਇਨਕਾਰ !
ਠੁਮਕ ਠੁਮਕ ਕੇ ਖਿੜ ਖਿੜ ਹਸਦੀ, ਜ਼ਿੰਦਗੀ ਚਾਰ ਚੁਫੇਰੇ।
ਕਿਹੜਾ ਹੱਥ ਹੈ ਜਿਹੜਾ ਇਸ 'ਤੇ ਵੱਧ ਕੇ ਮੌਤ ਖਲੇਰੇ।
ਇਸ ਦੇ ਨੱਚਦੇ ਪੈਰਾਂ ਥੱਲੇ ਰਖੇ ਜੋ ਅੰਗਿਆਰ –
ਸਾਡੀ ਲੜਨੋਂ ਹੈ ਇਨਕਾਰ ... ...
(ਗਾਣੇ ਦੀ ਆਵਾਜ਼ ਸੁਣ ਕੇ ਸਿਕੰਦਰ ਤੰਬੂ 'ਚੋਂ ਬਾਹਰ ਆ ਜਾਂਦਾ ਹੈ)

ਸਿਪਾਹੀ – ਦੁਧ ਚੁੰਘਦੇ ਬਾਲਾਂ ਦੀਆਂ ਯਾਦਾਂ ਨੈਣਾਂ ਦੇ ਵਿਚ ਹੱਸੀਆਂ।
ਸੀਨੇ ਦੀ ਧੜਕਣ ਦੇ ਅੰਦਰ, ਆ ਫ਼ਰਿਆਦਾਂ ਵਸੀਆਂ।
ਘਰ ਦੀਆਂ ਯਾਦਾਂ ਦਾ ਕੀ ਤੈਨੂੰ, ਉੱਕਾ ਨਹੀਂ ਸਤਿਕਾਰ ?
ਸਾਡੀ ਲੜਨੋਂ ਹੈ ਇਨਕਾਰ ... ...

ਅਸੀਂ ਕਿਸੇ ਦੇ ਦੀਵੇ ਵਿਚ ਕਿਉਂ ਬਣ ਕੇ ਚਰਬੀ ਬਲੀਏ ?
ਅਸੀਂ ਮਹਿਲਾਂ ਦੇ ਮੂੰਹਾਂ ਉਤੇ, ਆਪਣਾ ਖ਼ੂਨ ਕਿਉਂ ਮਲੀਏ ?
ਅਸੀਂ ਨਹੀਂ ਬੁਰਜ਼ ਕਰਦੇ ਫਿਰੀਏ, ਲਾਸ਼ਾਂ ਦਾ ਬਿਉਪਾਰ ?
ਸਾਡੀ ਲੜਨੋਂ ਹੈ ਇਨਕਾਰ ... ...
ਵੇਖ ਅਸਾਡੇ ਪੱਲੇ ਖਿੱਚਣ, ਦੇਸ਼ ਚੋਂ ਆਈਆਂ ਹਵਾਵਾਂ,
ਵੇਖ ਯੂਨਾਨੀ ਗਗਨ ਨੇ ਸਾਡੀ ਖ਼ਾਤਰ ਖੋਲ੍ਹੀਆਂ ਬਾਹਵਾਂ।
ਇਹ ਤੇਰੇ ਨੇ ਨੇਜ਼ੇ ਭਾਲੇ, ਇਹ ਜੰਗੀ ਹਥਿਆਰ।
ਸਾਡੀ ਲੜਨੋਂ ਹੈ ਇਨਕਾਰ ... ...

(ਸਾਰੇ ਸਿਪਾਹੀ ਹਥਿਆਰ ਸਿਕੰਦਰ ਦੇ ਸਾਹਮਣੇ ਸੁਟ ਕੇ ਸਟੇਜ ਤੋਂ ਚਲੇ ਜਾਂਦੇ ਹਨ। ਸਿਕੰਦਰ ਇਕੱਲਾ ਰਹਿ ਜਾਂਦਾ ਹੈ ਤੇ ਨਿਰਾਸ ਹੋਇਆ ਮੱਥੇ ਉਤੇ ਹੱਥ ਰਖ ਕੇ ਬੈਠ ਜਾਂਦਾ ਹੈ)

[ਪਰਦਾ ਡਿਗਦਾ ਹੈ]